17Page10.qxd 11/16/2026 10:42 PM Page 1

ਯੂਕਰੇਨ ਨੇ ਰੂਸ 'ਤੇ ਕੀਤਾ ਹੁਣ ਤਕ ਦਾ ਸੱਭ ਤੋਂ ਵੱਡਾ ਡਰੋਨ ਹਮਲਾ

1,336 ਡਰੋਨ ਦਾਗ਼ ਕੇ ਤੇਲ ਰਿਫ਼ਾਇਨਰੀਆਂ ਤੇ ਹੋਰ ਅਹਿਮ ਟਿਕਾਣਿਆਂ ਨੂੰ ਬਣਾਇਆ ਨਿਸ਼ਾਨਾ



ਕੀਵ, 16 ਨਵੰਬਰ : ਯੂਕਰੇਨ ਨੇ ਸੋਮਵਾਰ ਨੂੰ ਰੂਸ 'ਤੇ ਹੁਣ ਤਕ ਦਾ ਸਭ ਤੋਂ ਵੱਡਾ ਡਰੋਨ ਹਮਲਾ ਕੀਤਾ। ਰੂਸ ਨੇ ਦੱਸਿਆ ਕਿ ਯੂਕਰੇਨ ਨੇ ਉਸ ਦੀਆਂ ਤੇਲ ਰਿਫਾਇਨਰੀਆਂ ਤੇ ਹੋਰ ਅਹਿਮ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ 1,336 ਡਰੋਨ ਦਾਗੇ। ਰੂਸੀ ਹਵਾਈ ਰੱਖਿਆ ਪ੍ਰਣਾਲੀ ਨੇ ਦਾਅਵਾ ਕੀਤਾ ਕਿ ਉਸ ਨੇ ਸਾਰੇ ਡਰੋਨਾਂ ਨੂੰ ਹਵਾ ਵਿਚ ਹੀ ਤਬਾਹ ਕਰ ਦਿਤਾ। ਇਸ ਤੋਂ ਪਹਿਲਾਂ 29 ਅਕਤੂਬਰ ਨੂੰ ਵੀ ਯੂਕਰੇਨ ਨੇ ਰੂਸ 'ਤੇ ਵੱਡਾ ਡਰੋਨ ਹਮਲਾ ਕੀਤਾ ਸੀ। ਉਸ ਸਮੇਂ ਰੂਸ ਦੇ ਰੱਖਿਆ ਮੰਤਰਾਲੇ ਨੇ ਦਾਅਵਾ ਕੀਤਾ ਸੀ ਕਿ ਉਸ ਦੀ ਹਵਾਈ ਰੱਖਿਆ ਪ੍ਰਣਾਲੀ ਨੇ ਇਕ ਹੀ ਰਾਤ 'ਚ 1,254 ਯੂਕਰੇਨੀ ਡਰੋਨ ਡੇਗ ਦਿਤੇ ਸਨ।

ਯੂਕਰੇਨ ਨੇ ਉਸ ਸਮੇਂ ਰੂਸ ਦੇ 19 ਖੇਤਰਾਂ 'ਚ ਹਮਲੇ ਕੀਤੇ ਸਨ। ਇਸ ਹਮਲੇ 'ਚ ਰੂਸ ਦੇ ਬੇਲਗੋਰੋਦ ਇਲਾਕੇ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ ਜਦਕਿ 7 ਜਣੇ ਜ਼ਖ਼ਮੀ ਹੋਏ ਸਨ। ਯੂਕਰੇਨ ਨੇ ਹਾਲ ਹੀ ਦੇ ਦਿਨਾਂ 'ਚ ਲੰਬੀ ਦੂਰੀ ਤਕ ਹਮਲਾ ਕਰਨ ਵਾਲੇ ਡਰੋਨਾਂ ਦੀ ਵਰਤੋਂ ਵਧਾ ਦਿਤੀ ਹੈ। ਰੂਸ ਤੋਂ ਇਲਾਵਾ ਕ੍ਰੀਮੀਆ, ਕਾਲੇ ਸਾਗਰ ਤੇ ਅਜ਼ੋਵ ਸਾਗਰ 'ਚ ਵੀ ਹਮਲੇ ਤੇਜ਼ ਕੀਤੇ ਗਏ ਹਨ। ਹਾਲ ਹੀ ਦੀਆਂ ਕੁਝ ਫ਼ੌਜੀ ਮੁਹਿੰਮਾਂ 'ਚ 1,000 ਤੋਂ ਵੱਧ ਡਰੋਨਾਂ ਦੀ ਵਰਤੋਂ ਕੀਤੀ ਗਈ। ਫਰਵਰੀ 2022 'ਚ ਰੂਸ ਦੇ ਹਮਲੇ ਨਾਲ ਸ਼ੁਰੂ ਹੋਈ ਜੰਗ ਤੋਂ ਬਾਅਦ ਸੋਮਵਾਰ ਨੂੰ ਹੋਏ ਹਮਲੇ ਨੂੰ ਯੂਕਰੇਨ ਦਾ ਹੁਣ ਤਕ ਦਾ ਸਭ ਤੋਂ ਵੱਡਾ ਹਵਾਈ ਹਮਲਾ ਮੰਨਿਆ ਜਾ ਰਿਹਾ ਹੈ। ਯੂਕਰੇਨ ਦੇ ਹਮਲਿਆਂ 'ਚ ਰੂਸ ਦੀਆਂ ਤੇਲ ਰਿਫਾਇਨਰੀਆਂ ਵੀ ਨਿਸ਼ਾਨੇ 'ਤੇ ਹਨ। ਇਨ੍ਹਾਂ ਤੋਂ ਰੂਸ ਨੂੰ ਵੱਡੀ ਆਮਦਨ ਹੁੰਦੀ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮਿਰ ਜ਼ੇਲੈਂਸਕੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਫ਼ੌਜ ਦੇ ਹਮਲਿਆਂ ਕਾਰਨ ਰੂਸ ਦੀ 55 ਫ਼ੀ ਸਦੀ ਤੋਂ ਵੱਧ ਤੇਲ ਰਿਫਾਇਨਿੰਗ ਸਮਰੱਥਾ ਠੱਪ ਹੋ ਗਈ ਹੈ। ਹਾਲਾਂਕਿ ਰੂਸ ਨੇ ਜ਼ੇਲੈਂਸਕੀ ਦੇ ਇਸ ਦਾਅਵੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿਤੀ। ਯੂਕਰੇਨ ਹੁਣ ਅਜਿਹੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਜਿਨ੍ਹਾਂ ਦਾ ਅਸਰ ਰੂਸ ਦੇ ਅਰਥਚਾਰੇ ਅਤੇ ਆਮ ਲੋਕਾਂ ਦੀ ਜ਼ਿੰਦਗੀ 'ਤੇ ਪਵੇ। ਇਸ ਤਰ੍ਹਾਂ ਉਹ ਜੰਗ ਦਾ ਅਸਰ ਰੂਸ ਦੇ ਆਮ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੂਜੇ ਪਾਸੇ ਰੂਸ ਵੀ ਯੂਕਰੇਨ ਦੇ ਆਮ ਲੋਕਾਂ ਨਾਲ ਜੁੜੇ ਟਿਕਾਣਿਆਂ 'ਤੇ ਲਗਾਤਾਰ ਹਮਲੇ ਕਰ ਰਿਹਾ ਹੈ। ਰੂਸ ਦੇ ਨਿਸ਼ਾਨੇ 'ਤੇ ਖ਼ਾਸ ਤੌਰ 'ਤੇ ਬਿਜਲੀ ਸਪਲਾਈ ਨਾਲ ਜੁੜੇ ਟਿਕਾਣੇ ਹਨ। **(ਏਜੰਸੀ)**

ਥਾਈਲੈਂਡ 'ਚ ਇਮਾਰਤ ਨੂੰ ਲੱਗੀ ਅੱਗ, 11 ਮੌਤਾਂ



ਬੈਂਕਾਕ, 16 ਨਵੰਬਰ: ਦੱਖਣੀ ਥਾਈਲੈਂਡ ਵਿਚ ਐਤਵਾਰ ਦੇਰ ਰਾਤ ਇਕ ਇਮਾਰਤ ਨੂੰ ਅੱਗ ਲੱਗਣ ਕਾਰਨ 11 ਮੌਤਾਂ ਹੋ ਗਈਆਂ। ਅਧਿਕਾਰੀਆਂ ਅਨੁਸਾਰ ਫੁਕੇਟ ਸਥਿਤ ਇਸ ਇਮਾਰਤ 'ਚ ਦੇਰ ਰਾਤ ਕਰੀਬ 2 ਵਜੇ ਅੱਗ ਲੱਗੀ। ਇਮਾਰਤ ਦੀ ਹੇਠਲੀ ਮੰਜ਼ਲ 'ਤੇ ਮੋਟਰਸਾਈਕਲ ਕਿਰਾਏ 'ਤੇ ਦੇਣ ਦੀ ਦੁਕਾਨ ਸੀ ਜਦਕਿ ਉੱਪਰਲੀਆਂ ਮੰਜ਼ਲਾਂ 'ਤੇ ਰਿਹਾਇਸ਼ੀ ਕੰਪਲੈਕਸ ਸਨ। ਅੱਗ ਬੁਝਾਊ ਦਸਤੇ ਨੂੰ ਅੱਗ 'ਤੇ ਕਾਬੂ ਪਾਉਣ ਲਈ ਕਰੀਬ ਇਕ ਘੰਟੇ ਦਾ ਸਮਾਂ ਲੱਗਿਆ। ਇਸ ਘਟਨਾ 'ਚ 17 ਹੋਰ ਵਿਅਕਤੀ ਮਾਮੂਲੀ ਜ਼ਖ਼ਮੀ ਹੋ ਗਏ। ਮੁੱਢਲੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਅੱਗ ਲੱਗਣ ਤੋਂ ਕੁਝ ਸਮਾਂ ਪਹਿਲਾਂ ਇਮਾਰਤ ਦੇ ਨੇੜੇ ਸਥਿਤ ਇਕ ਬਿਜਲੀ ਦੇ ਟਰਾਂਸਫਾਰਮਰ 'ਚ ਧਮਾਕਾ ਹੋਇਆ ਸੀ। ਫੁਕੇਟ ਦੇ ਗਵਰਨਰ ਚੋਡਨਾਰਿਨ ਕੌਏਡਸੋਮ ਨੇ ਦੱਸਿਆ ਕਿ ਮੋਟਰਸਾਈਕਲ ਕਿਰਾਏ 'ਤੇ ਦੇਣ ਵਾਲੀ ਦੁਕਾਨ 'ਚ ਲਗਭਗ 100 ਮੋਟਰਸਾਈਕਲਾਂ ਤੋਂ ਇਲਾਵਾ ਪੈਟਰੋਲ, ਇੰਜਣ ਆਇਲ, ਪਲਾਸਟਿਕ ਦਾ ਸਾਮਾਨ ਅਤੇ ਟਾਇਰ ਵੀ ਰੱਖੇ ਹੋਏ ਸਨ। ਇਨ੍ਹਾਂ ਜਲਣਸ਼ੀਲ ਪਦਾਰਥਾਂ ਕਾਰਨ ਅੱਗ ਤੇਜ਼ੀ ਨਾਲ ਫੈਲ ਗਈ ਅਤੇ ਸੰਘਣਾ, ਜ਼ਹਿਰੀਲਾ ਧੂੰਆਂ ਫੈਲ ਗਿਆ। ਅਜਿਹਾ ਲੱਗਦਾ ਹੈ ਕਿ ਪੀੜਤਾਂ ਨੇ ਅੱਗ ਤੋਂ ਬਚਣ ਲਈ ਇਮਾਰਤ ਦੀਆਂ ਉੱਪਰਲੀਆਂ ਮੰਜ਼ਲਾਂ ਵੱਲ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਇਕ ਲਾਸ਼ ਤੀਜੀ ਮੰਜ਼ਲ ਤੋਂ ਜਦਕਿ 10 ਹੋਰ ਲਾਸ਼ਾਂ ਪੰਜਵੀਂ ਮੰਜ਼ਲ ਤੋਂ ਬਰਾਮਦ ਕੀਤੀਆਂ ਗਈਆਂ।

ਜ਼ਿਕਰਯੋਗ ਹੈ ਕਿ ਫੁਕੇਟ ਦੱਖਣੀ ਥਾਈਲੈਂਡ ਦੇ ਇਕ ਟਾਪੂ 'ਤੇ ਸਥਿਤ ਹੈ ਤੇ ਇਹ ਦੁਨੀਆਂ ਭਰ ਦੇ ਸੈਲਾਨੀਆਂ ਲਈ ਪ੍ਰਸਿੱਧ ਸੈਰ-ਸਪਾਟਾ ਸਥਾਨ ਹੈ। **(ਏਜੰਸੀ)**

ਅਦਾਲਤ ਨੇ ਨਮਲ ਰਾਜਪਕਸ਼ੇ ਵਿਰੁਧ ਭਾਰਤੀ ਗਵਾਹਾਂ ਨੂੰ ਭੇਜੇ ਗਏ ਸੰਮਨ 'ਤੇ ਮੰਗੀ ਰਿਪੋਰਟ

ਕੋਲੰਬੋ, 16 ਨਵੰਬਰ : ਸ਼੍ਰੀਲੰਕਾ ਦੀ ਇਕ ਅਦਾਲਤ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿਤਾ ਕਿ ਉਹ ਭਾਰਤੀ ਹਾਈ ਕਮਿਸ਼ਨ ਤੋਂ ਇਸ ਗੱਲ ਦੀ ਪੁਸ਼ਟੀ ਕਰਨ ਕਿ ਵਿਰੋਧੀ ਧਿਰ ਦੇ ਨੇਤਾ ਨਮਲ ਰਾਜਪਕਸ਼ੇ ਵਿਰੁਧ ਰਿਸ਼ਵਤ ਦੇ ਇਕ ਮਾਮਲੇ 'ਚ ਗਵਾਹ ਬਣਾਏ ਗਏ ਭਾਰਤ ਦੇ ਦੋ ਨਾਗਰਿਕਾਂ ਨੂੰ ਅਦਾਲਤ ਦਾ ਸੰਮਨ ਮਿਲਿਆ ਹੈ ਜਾਂ ਨਹੀਂ। ਨਮਲ ਸ਼੍ਰੀਲੰਕਾ ਦੇ ਸਾਬਕਾ ਰਾਸ਼ਟਰਪਤੀ ਮਹਿੰਦਾ ਰਾਜਪਕਸ਼ੇ ਦੇ ਪੁੱਤਰ ਹਨ। ਉਨ੍ਹਾਂ 'ਤੇ 2013 'ਚ ਪ੍ਰਸਤਾਵਿਤ ਕ੍ਰਿਸ਼ ਹੋਟਲ ਪ੍ਰੋਜੈਕਟ ਲਈ ਇਕ ਭਾਰਤੀ ਕੰਪਨੀ ਨੂੰ ਮਨਜ਼ੂਰੀ ਦਿਵਾਉਣ ਬਦਲੇ ਸੱਤ ਕਰੋੜ ਸ਼੍ਰੀਲੰਕਾਈ ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ ਹੈ। ਇਹ ਹੋਟਲ ਪ੍ਰੋਜੈਕਟ ਕਦੇ ਸ਼ੁਰੂ ਹੀ ਨਹੀਂ ਹੋਇਆ। ਦੋ ਭਾਰਤੀ ਨਾਗਰਿਕ ਅਮਿਤ ਕਤਿਆਲ ਤੇ ਰਾਜਿੰਦਰ ਪ੍ਰਸਾਦ ਗੁਪਤਾ ਇਸ ਨਿਵੇਸ਼ ਪ੍ਰੋਜੈਕਟ ਨਾਲ ਜੁੜੇ ਡਾਇਰੈਕਟਰ ਹਨ। ਸ਼੍ਰੀਲੰਕਾ ਦੇ ਵਿਦੇਸ਼ ਮੰਤਰਾਲੇ ਨੇ ਦੋਵੇਂ ਭਾਰਤੀ ਨਾਗਰਿਕਾਂ ਨੂੰ ਸੰਮਨ ਭੇਜ ਦਿਤਾ ਹੈ। ਪਿਛਲੇ ਮਹੀਨੇ ਕੋਲੰਬੋ ਦੇ ਮੁੱਖ ਮੈਜਿਸਟ੍ਰੇਟ ਨੇ ਚੁਕਵੇਂ ਸਬੂਤ ਨਾ ਹੋਣ ਦਾ ਹਵਾਲਾ ਦਿੰਦਿਆਂ ਦੋਵਾਂ ਵਿਰੁਧ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਤੋਂ ਇਨਕਾਰ ਕਰ ਦਿਤਾ ਸੀ। ਇਸ ਮਾਮਲੇ 'ਚ ਰਾਜਪਕਸ਼ੇ ਨੂੰ 29 ਸਤੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਤਿੰਨ ਨਵੰਬਰ ਨੂੰ ਜ਼ਮਾਨਤ ਮਿਲ ਗਈ ਸੀ। **(ਏਜੰਸੀ)**

ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਬੰਗਲਾਦੇਸ਼ ਵਾਪਸੀ ਦੀ ਸੰਭਾਵਨਾ ਦਰਮਿਆਨ ਜੱਦੀ ਸ਼ਹਿਰ 'ਚ ਸਮਰਥਕਾਂ ਵਲੋਂ ਹਿੰਸਕ ਪ੍ਰਦਰਸ਼ਨ



ਢਾਕਾ, 16 ਨਵੰਬਰ: ਬੰਗਲਾਦੇਸ਼ ਦੀ ਅਹੁਦੇ ਤੋਂ ਹਟਾਈ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਅਵਾਮੀ ਲੀਗ ਪਾਰਟੀ ਦੇ ਸਮਰਥਕਾਂ ਨੇ ਉਨ੍ਹਾਂ ਦੇ ਜੱਦੀ ਸ਼ਹਿਰ ਗੋਪਾਲਗੰਜ ਵਿਚ ਹਿੰਸਕ ਪ੍ਰਦਰਸ਼ਨ ਕੀਤਾ। ਇਸ ਦੌਰਾਨ ਪੁਲਿਸ ਦੇ ਵਾਹਨਾਂ 'ਤੇ ਹਮਲੇ ਕੀਤੇ ਗਏ। ਦਸੰਬਰ ਵਿਚ ਹਸੀਨਾ ਦੀ ਦੇਸ਼ ਵਾਪਸੀ ਦੀ ਯੋਜਨਾ ਨੂੰ ਲੈ ਕੇ ਵਧ ਰਹੇ ਸਿਆਸੀ ਤਣਾਅ ਦਰਮਿਆਨ ਇਹ ਪ੍ਰਦਰਸ਼ਨ ਕੀਤੇ ਗਏ। ਹਸੀਨਾ ਦੀ ਪਾਰਟੀ ਦੇ ਸੈਂਕੜੇ ਸਮਰਥਕ ਸੜਕਾਂ 'ਤੇ ਉੱਤਰ ਆਏ। ਉਨ੍ਹਾਂ ਕੋਲ ਚਾਕੂ ਅਤੇ ਬਰਛੇ ਸਨ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ਦੇ ਇਕ ਬਖ਼ਤਰਬੰਦ ਵਾਹਨ ਨੂੰ ਅੱਗ ਲਾ ਦਿਤੀ ਅਤੇ ਪੁਲਿਸ ਚੌਕੀ ਵਿਚ ਭੰਨਤੋੜ ਕੀਤੀ। ਇਹ ਪ੍ਰਦਰਸ਼ਨ ਭਾਰਤ ਤੋਂ ਹਸੀਨਾ ਦੀ ਪ੍ਰਸਤਾਵਿਤ ਵਾਪਸੀ ਨੂੰ ਲੈ ਕੇ ਨਵੇਂ ਸਿਰੇ ਤੋਂ ਵਧੇ ਤਣਾਅ ਦਰਮਿਆਨ ਹੋਏ ਹਨ। ਹਸੀਨਾ ਅਗਸਤ 2024 ਵਿੱਚ ਬੰਗਲਾਦੇਸ਼ ਛੱਡਣ ਤੋਂ ਬਾਅਦ ਭਾਰਤ 'ਚ ਰਹਿ ਰਹੀ ਹੈ। ਪ੍ਰਦਰਸ਼ਨਕਾਰੀਆਂ ਨੇ ਹਸੀਨਾ ਸਰਕਾਰ ਦੇ ਪਤਨ ਦੀ ਯਾਦ ਵਿਚ ਬਣਾਈ ਗਈ ਇਕ ਯਾਦਗਾਰ ਨੂੰ ਢਾਹ ਦਿੱਤਾ। ਇਸ ਤੋਂ ਇਲਾਵਾ ਉਹ ਪੁਲਸ ਵਲੋਂ ਲਾਈਆਂ ਗਈਆਂ ਰੋਕਾਂ ਨੂੰ ਤੋੜ ਕੇ ਗੋਪਾਲਗੰਜ ਸ਼ਹਿਰ ਦੀਆਂ ਕਈ ਸੜਕਾਂ 'ਤੇ ਆ ਗਏ। ਇਸ ਪ੍ਰਦਰਸ਼ਨ ਵਿਚ ਵੱਡੀ ਗਿਣਤੀ 'ਚ ਮਹਿਲਾ ਵਰਕਰਾਂ ਨੇ ਵੀ ਹਿੱਸਾ ਲਿਆ। ਅਵਾਮੀ ਲੀਗ ਦੇ ਗੋਪਾਲਗੰਜ ਜ਼ਿਲ੍ਹਾ ਆਗੂ ਇਲਿਆਸ ਹੱਕ ਨੇ ਕਿਹਾ ਕਿ ਸੜਕਾਂ 'ਤੇ ਸਾਡਾ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਅਸੀਂ ਸਾਬਕਾ ਪ੍ਰਧਾਨ ਮੰਤਰੀ ਤੇ ਬੰਗਬੰਧੂ (ਬੰਗਲਾਦੇਸ਼ ਦੇ ਸੰਸਥਾਪਕ ਸ਼ੇਖ ਮੁਜੀਬੁਰ ਰਹਿਮਾਨ) ਦੀ ਧੀ ਸ਼ੇਖ ਹਸੀਨਾ ਨੂੰ ਦੇਸ਼ ਵਾਪਸ ਲਿਆਉਣ 'ਚ ਸਫਲ ਨਹੀਂ ਹੋ ਜਾਂਦੇ। **(ਏਜੰਸੀ)**

ਯੂਰਪੀ ਯੂਨੀਅਨ ਵਲੋਂ ਰੂਸ 'ਤੇ ਯੂਕਰੇਨ ਸ਼ਾਂਤੀ ਵਾਰਤਾ 'ਚ ਅੜਿੱਕੇ ਡਾਹੁਣ ਦਾ ਦੋਸ਼



ਬ੍ਰਸੇਲਜ਼, 16 ਨਵੰਬਰ: ਯੂਰਪੀ ਸੰਘ (ਈਯੂ) ਦੇ ਦੇਸ਼ਾਂ ਨੇ ਰੂਸ 'ਤੇ ਦੋਸ਼ ਲਾਇਆ ਕਿ ਉਹ ਯੂਕਰੇਨ ਜੰਗ ਖ਼ਤਮ ਕਰਨ ਲਈ ਚੱਲ ਰਹੀ ਗੱਲਬਾਤ ਨੂੰ ਜਾਣ-ਬੁੱਝ ਕੇ ਲੰਮਾ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਰੂਸ ਗੱਲਬਾਤ ਕਰਨ ਦਾ ਦਿਖਾਵਾ ਕਰ ਰਿਹਾ ਹੈ ਜਦਕਿ ਦੂਜੇ ਪਾਸੇ ਸਰਦੀਆਂ ਨੇੜੇ ਆਉਣ ਦੇ ਨਾਲ ਹੀ ਆਮ ਨਾਗਰਿਕਾਂ ਦੀਆਂ ਮੁਸ਼ਕਲਾਂ ਵਧਾਉਣ ਲਈ ਬਿਜਲੀ ਘਰਾਂ ਤੇ ਹੋਰ ਬੁਨਿਆਦੀ ਢਾਂਚਿਆਂ ਨੂੰ ਨਿਸ਼ਾਨਾ ਬਣਾ ਕੇ ਬੰਬਾਰੀ ਕਰ ਰਿਹਾ ਹੈ। ਬ੍ਰਸੇਲਜ਼ 'ਚ ਹੋਈ ਮੀਟਿੰਗ ਦੌਰਾਨ ਈਯੂ ਦੇ ਵਿਦੇਸ਼ ਮੰਤਰੀਆਂ ਨੇ ਕਿਹਾ ਕਿ ਪਹਿਲੀ ਤਰਜੀਹ ਜੰਗਬੰਦੀ ਕਰਵਾਉਣਾ ਅਤੇ ਇਸ ਤੋਂ ਬਾਅਦ ਇਕ ਸਥਾਈ ਤੇ ਅਸਲ ਸ਼ਾਂਤੀ ਸਮਝੌਤਾ ਕਰਨਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਰੀਬ ਪੰਜ ਸਾਲਾਂ ਤੋਂ ਜਾਰੀ ਇਸ ਜੰਗ ਦੀ ਸ਼ੁਰੂਆਤ ਰੂਸ ਨੇ ਕੀਤੀ ਸੀ, ਇਸ ਲਈ ਯੂਕਰੇਨ ਤੇ ਉਸ ਦੇ ਪੱਛਮੀ ਸਮਰਥਕ ਦੇਸ਼ਾਂ ਸਾਹਮਣੇ ਨਵੀਆਂ ਮੰਗਾਂ ਰੱਖਣ ਦੀ ਬਜਾਏ ਰੂਸ ਨੂੰ ਹੀ ਪਿੱਛੇ ਹਟਣਾ ਚਾਹੀਦਾ ਹੈ। ਮੀਟਿੰਗ ਦੀ ਪ੍ਰਧਾਨਗੀ ਕਰਨ ਤੋਂ ਪਹਿਲਾਂ ਈਯੂ ਦੀ ਵਿਦੇਸ਼ ਨੀਤੀ ਮੁਖੀ ਕਾਜਾ ਕੱਲਾਸ ਨੇ ਕਿਹਾ ਕਿ ਸਾਨੂੰ ਇਸ ਸਮੇਂ ਅਸਲ ਸਥਿਤੀ ਨੂੰ ਧੁੰਦਲਾ ਨਹੀਂ ਕਰਨਾ ਚਾਹੀਦਾ। ਸਾਨੂੰ ਜਿਸ ਚੀਜ਼ ਦੀ ਲੋੜ ਹੈ, ਉਹ ਹੈ ਜੰਗਬੰਦੀ। ਫ਼ਿਲਹਾਲ ਸਾਨੂੰ ਅਜਿਹਾ ਹੁੰਦਾ ਦਿਖਾਈ ਨਹੀਂ ਦੇ ਰਿਹਾ। ਅਸੀਂ ਦੇਖ ਰਹੇ ਹਾਂ ਕਿ ਰੂਸ ਅਸਲ 'ਚ ਆਪਣੇ ਹਮਲੇ ਹੋਰ ਤੇਜ਼ ਕਰ ਰਿਹਾ ਹੈ। ਪਿਛਲੇ ਹਫ਼ਤੇ ਅਬੂਧਾਬੀ 'ਚ ਹੋਈ ਗੱਲਬਾਤ ਤੋਂ ਬਾਅਦ ਅਮਰੀਕਾ ਨੇ ਯੂਕਰੇਨ ਤੇ ਉਸ ਦੇ ਸਹਿਯੋਗੀ ਦੇਸ਼ਾਂ ਨੂੰ ਕਿਹਾ ਸੀ ਕਿ ਉਹ ਯੂਰਪ ਦੀ ਸੁਰੱਖਿਆ ਪ੍ਰਣਾਲੀ ਨੂੰ ਨਵੇਂ ਸਿਰੇ ਤੋਂ ਤਿਆਰ ਕਰਨ ਦੀ ਰੂਸ ਦੀ ਮੰਗ ਨਾਲ ਸਹਿਮਤ ਹੋਣ। ਅਮਰੀਕਾ ਦਾ ਮੰਨਣਾ ਹੈ ਕਿ ਇਸ ਨਾਲ ਸ਼ਾਂਤੀ ਸਥਾਪਤ ਕਰਨ 'ਚ ਮਦਦ ਮਿਲ ਸਕਦੀ ਹੈ ਪਰ ਯੂਰਪੀ ਦੇਸ਼ ਇਸ ਨੂੰ ਨਾਟੋ ਨੂੰ ਕਮਜ਼ੋਰ ਕਰਨ ਦੀ ਰੂਸ ਦੀ ਚਾਲ ਵਜੋਂ ਦੇਖਦੇ ਹਨ। ਇਸ ਮੰਗ ਤਹਿਤ ਨਾਟੋ ਨੂੰ ਆਪਣੇ ਫ਼ੌਜੀਆਂ ਤੇ ਹਥਿਆਰਾਂ ਨੂੰ ਪੱਛਮ ਵੱਲ ਵਾਪਸ ਲਿਜਾਣ ਲਈ ਮਜਬੂਰ ਹੋਣਾ ਪਵੇਗਾ, ਠੀਕ ਉਸੇ ਤਰ੍ਹਾਂ ਜਿਵੇਂ 1999 'ਚ ਚੈੱਕ ਗਣਰਾਜ, ਹੰਗਰੀ ਅਤੇ ਪੋਲੈਂਡ ਦੇ ਨਾਟੋ 'ਚ ਸ਼ਾਮਲ ਹੋਣ ਤੋਂ ਪਹਿਲਾਂ ਸਥਿਤੀ ਸੀ। ਕੱਲਾਸ ਨੇ ਇਸ ਮੰਗ ਨੂੰ ਬੇਹੱਦ ਬੇਤੁਕੀ ਕਰਾਰ ਦਿਤਾ। ਉਨ੍ਹਾਂ ਕਿਹਾ ਕਿ ਜੇ ਅਸੀਂ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਨ੍ਹਾਂ 'ਚੋਂ ਕਿਸੇ ਵੀ ਦੇਸ਼ ਨੇ ਕਦੇ ਵੀ ਰੂਸ 'ਤੇ ਹਮਲਾ ਨਹੀਂ ਕੀਤਾ। ਰੂਸ ਦੀ ਹਮੇਸ਼ਾ ਤੋਂ ਇਹ ਰਣਨੀਤੀ ਰਹੀ ਹੈ ਕਿ ਉਹ ਵੱਧ ਤੋਂ ਵੱਧ ਮੰਗਾਂ ਰੱਖਦਾ ਹੈ ਜਦਕਿ ਜੰਗ ਉਨ੍ਹਾਂ ਨੇ ਸ਼ੁਰੂ ਕੀਤੀ ਹੈ। ਉਹ ਹਮਲਾਵਰ ਹਨ ਤੇ ਪੀੜਤ ਸਿਰਫ਼ ਇਕ ਦੇਸ਼ (ਯੂਕਰੇਨ) ਹੈ। ਆਇਰਲੈਂਡ ਦੀ ਵਿਦੇਸ਼ ਮੰਤਰੀ ਹੈਲਨ ਮੈਕਐਂਟੀ ਨੇ ਕਿਹਾ ਕਿ ਗੱਲਬਾਤ ਦੇ ਬਾਵਜੂਦ ਰੂਸ ਨੇ ਸਪੱਸ਼ਟ ਤੌਰ 'ਤੇ ਅਪਣਾ ਰੁਖ਼ ਨਹੀਂ ਬਦਲਿਆ। ਉਹ ਆਮ ਨਾਗਰਿਕਾਂ ਤੇ ਨਾਗਰਿਕ ਬੁਨਿਆਦੀ ਢਾਂਚੇ 'ਤੇ ਆਪਣੇ ਹਮਲੇ ਜਾਰੀ ਰੱਖ ਰਿਹਾ ਹੈ। ਜਰਮਨੀ ਦੇ ਵਿਦੇਸ਼ ਮੰਤਰੀ ਜੋਹਾਨ ਵਾਡੇਫੁਲ ਨੇ ਕਿਹਾ ਕਿ ਯੂਰਪ ਕੋਲ ਪਹਿਲਾਂ ਹੀ ਇਕ ਸੁਰੱਖਿਆ ਢਾਂਚਾ ਮੌਜੂਦ ਹੈ। ਸਾਨੂੰ ਕਿਸੇ ਨਵੇਂ ਢਾਂਚੇ ਦੀ ਲੋੜ ਨਹੀਂ ਹੈ ਸਗੋਂ ਸਾਰਿਆਂ ਵਲੋਂ ਮੌਜੂਦਾ ਸੁਰੱਖਿਆ ਢਾਂਚੇ ਦਾ ਸਨਮਾਨ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਯੂਰਪੀ ਨਜ਼ਰੀਏ ਤੋਂ ਕਿਸੇ ਵੀ ਸੰਭਾਵੀ ਸਮਝੌਤੇ ਦਾ ਆਧਾਰ ਇਹੀ ਹੋਣਾ ਚਾਹੀਦਾ ਹੈ। ਲਿਥੁਆਨੀਆ ਦੇ ਵਿਦੇਸ਼ ਮੰਤਰੀ ਕੇਸਟੂਟਿਸ ਬੁਡਰਿਸ ਨੇ ਵੀ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਯੂਰਪ ਨੂੰ ਕਿਸੇ ਹੋਰ ਸੁਰੱਖਿਆ ਢਾਂਚੇ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਰੂਸ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਪਹਿਲਾਂ ਵੀ ਕਈ ਸਮਝੌਤਿਆਂ ਦੀ ਉਲੰਘਣਾ ਕਰ ਚੁੱਕਾ ਹੈ। **(ਏਜੰਸੀ)**

ਲੁਕਾਕੂ ਨੇ ਅੰਤਰਰਾਸ਼ਟਰੀ ਫ਼ੁਟਬਾਲ ਤੋਂ ਲਿਆ ਸੰਨਿਆਸ



ਬ੍ਰਸੇਲਜ਼, 16 ਨਵੰਬਰ : ਬੈਲਜੀਅਮ ਲਈ ਅੰਤਰਰਾਸ਼ਟਰੀ ਫ਼ੁਟਬਾਲ 'ਚ ਰਿਕਾਰਡ 94 ਗੋਲ ਦਾਗਣ ਵਾਲੇ ਰੋਮੇਲੂ ਲੁਕਾ